# ਵਰਲਡ ਪੰਜਾਬੀ ਟਾਈਮਜ਼

WORLD PUNJABI TIMES

A Punjabi News Protal & Epaper From Winnipeg, Canada

Visit us at : www.worldpunjabitimes.com

Mob: 7973333573, +1 (418) 887-0162

Epaper World Punjabi Times | 09 ਸਤੰਬਰ 2025 ਦਿਨ ਮੰਗਲਵਾਰ | ਈ-ਪੇਪਰ ਵਰਲਡ ਪੰਜਾਬੀ ਟਾਈਮਜ਼


## ਪੈਟਰੋਲੀਅਮ ਐਸੋਸੀਏਸ਼ਨ ਵੱਲੋਂ ਹੜ੍ਹ ਪੀੜਤ ਲਈ 1.50 ਲੱਖ ਰੁਪਏ ਦੀ ਸਹਾਇਤਾ ਰਾਸ਼ੀ ਮੁੱਖ ਮੰਤਰੀ ਰਾਹਤ ਫੰਡ 'ਚ ਦਾਨ

ਵਰਲਡ ਪੰਜਾਬੀ ਟਾਈਮਜ਼ ਟਿੰਕੂ ਕੁਮਾਰ




ਕੋਟਕਪੂਰਾ, 9 ਸਤੰਬਰ : ਪੰਜਾਬ ਵਿੱਚ ਆਏ ਹੜ੍ਹਾਂ ਕਾਰਨ ਪ੍ਰਭਾਵਿਤ ਲੋਕਾਂ ਦੀ ਮੱਦਦ ਲਈ ਸਮਾਜਿਕ ਜ਼ਿੰਮੇਵਾਰੀ ਨਿਭਾਉਂਦਿਆਂ ਪੈਟਰੋਲੀਅਮ ਐਸੋਸੀਏਸ਼ਨ ਫ਼ਰੀਦਕੋਟ ਨੇ 1.50 ਲੱਖ ਰੁਪਏ ਦੀ ਰਕਮ ਮੁੱਖ ਮੰਤਰੀ ਰਾਹਤ ਫੰਡ ਲਈ ਮੈਡਮ ਪੂਨਮਦੀਪ ਕੌਰ ਡਿਪਟੀ ਕਮਿਸ਼ਨਰ ਫਰੀਦਕੋਟ ਨੂੰ ਸੌਂਪੀ ਕੀਤੀ ਗਈ। ਇਸ ਮੌਕੇ ਡਿਪਟੀ ਕਮਿਸ਼ਨਰ ਨੇ ਐਸੋਸੀਏਸ਼ਨ ਦੇ ਮੈਂਬਰਾਂ ਦੀ ਇਸ ਸਮਾਜ-ਸੇਵਾ ਅਤੇ ਮਨੁੱਖਤਾ-ਪ੍ਰੇਰਿਤ ਉਪਰਾਲੇ ਦੀ ਸਰਾਹਨਾ ਕੀਤੀ। ਉਨ੍ਹਾਂ ਕਿਹਾ ਕਿ ਹੜ੍ਹ ਵਰਗੀਆਂ ਕੁਦਰਤੀ ਆਫ਼ਤਾਂ ਦੇ ਸਮੇਂ ਸਮਾਜ ਦੇ ਵੱਖ-ਵੱਖ ਵਰਗਾਂ ਵੱਲੋਂ ਦਿੱਤਾ ਗਿਆ ਯੋਗਦਾਨ ਬੇਹੱਦ ਕੀਮਤੀ ਹੁੰਦਾ ਹੈ। 'ਇਹ ਰਕਮ ਸਿਰਫ਼ ਇਕ ਦਾਨ ਨਹੀਂ, ਸਗੋਂ ਉਹਨਾਂ ਪਰਿਵਾਰਾਂ ਲਈ ਨਵੀਂ ਉਮੀਦ ਦੀ ਕਿਰਨ ਹੈ ਜਿਹੜੇ ਹੜ੍ਹ ਕਾਰਨ ਘਰ-ਬਾਰ, ਰੁਜ਼ਗਾਰ ਤੇ ਰੁਜ਼ਗਾਰ, ਖੇਤੀਬਾੜੀ ਆਦਿ ਦਾ ਵੱਡੀ ਪੱਧਰ 'ਤੇ ਨੁਕਸਾਨ ਹੋਇਆ ਹੈ। ਡਿਪਟੀ ਕਮਿਸ਼ਨਰ ਨੇ ਹੋਰ ਕਿਹਾ ਕਿ ਇਸ ਰਕਮ ਰਾਹੀਂ ਪ੍ਰਸ਼ਾਸਨ ਨੂੰ ਹੜ੍ਹ ਪੀੜਤ ਪਰਿਵਾਰਾਂ ਤੱਕ ਜ਼ਰੂਰੀ ਸਹਾਇਤਾ, ਖਾਦ-ਸਪਲਾਈ, ਕੱਪੜੇ, ਦਵਾਈਆਂ ਅਤੇ ਅਸਥਾਈ ਰਿਹਾਇਸ਼ ਮੁਹੱਈਆ ਕਰਵਾਉਣ ਆਦਿ ਦੇ ਯਤਨਾਂ ਨੂੰ ਹੋਰ ਮਜ਼ਬੂਤੀ ਮਿਲੇਗੀ। ਉਨ੍ਹਾਂ ਸਾਰੀਆਂ ਸਮਾਜਿਕ ਸੰਸਥਾਵਾਂ, ਉਦਯੋਗਪਤੀਆਂ ਅਤੇ ਵਪਾਰੀ ਵਰਗ ਨੂੰ ਵੀ ਅਪੀਲ ਕੀਤੀ ਕਿ ਇਸ ਮੁਸ਼ਕਲ ਦੀ ਘੜੀ ਵਿੱਚ ਅੱਗੇ ਆ ਕੇ ਮਨੁੱਖਤਾ ਮਨੁੱਖਤਾ ਦੀ ਮੱਦਦ ਕਰਨ। ਪੈਟਰੋਲੀਅਮ ਐਸੋਸੀਏਸ਼ਨ ਦੇ ਅਹੁਦੇਦਾਰਾਂ ਨੇ ਇਸ ਦੌਰਾਨ ਭਰੋਸਾ ਦਿਵਾਇਆ ਕਿ ਜੇਕਰ ਆਉਣ ਵਾਲੇ ਸਮੇਂ ਵਿੱਚ ਹੋਰ ਵੀ ਲੋੜ ਪਈ ਤਾਂ ਉਹ ਹਮੇਸ਼ਾ ਜ਼ਿਲ੍ਹਾ ਪ੍ਰਸ਼ਾਸਨ ਅਤੇ ਪ੍ਰਭਾਵਿਤ ਲੋਕਾਂ ਦੀ ਸਹਾਇਤਾ ਲਈ ਤਿਆਰ ਰਹਿਣਗੇ। ਉਨ੍ਹਾਂ ਕਿਹਾ ਕਿ ਇਹ ਉਹਨਾਂ ਦੀ ਨੈਤਿਕ ਜ਼ਿੰਮੇਵਾਰੀ ਹੈ ਕਿ ਹੜ੍ਹ ਵਰਗੀ ਕੁਦਰਤੀ ਆਫ਼ਤ ਦੇ ਸਮੇਂ ਸਮਾਜ ਦੇ ਕਮਜ਼ੋਰ ਵਰਗਾਂ ਨੂੰ ਹਰ ਸੰਭਵ ਮੱਦਦ ਦਿੱਤੀ ਜਾਵੇ। ਇਸ ਮੌਕੇ ਹੋਰਨਾ ਤੋਂ ਇਲਾਵਾ ਜ਼ਿਲ੍ਹਾ ਖੁਰਾਕ ਤੇ ਸਪਲਾਈ ਅਧਿਕਾਰੀ ਗੁਰਜੀਤ ਸਿੰਘ ਸਮੇਤ ਹੋਰ ਅਧਿਕਾਰੀ ਵੀ ਮੌਜੂਦ ਸਨ।

## ਗੁਰੂ ਰਵਿਦਾਸ ਮਹਾਰਾਜ ਦੀ ਅੰਮ੍ਰਿਤ ਬਾਣੀ ਦੇ ਗੁਟਕਾ ਸਾਹਿਬ ਸੰਗਤਾਂ ਦੇ ਸਪੁਰਦ ਕੀਤੇ

ਵਰਲਡ ਪੰਜਾਬੀ ਟਾਈਮਜ਼ ਪਾਲ ਜਲੰਧਰੀ

ਨੰਗਲ 9 ਸਤੰਬਰ : ਧੰਨ ਧੰਨ ਸਤਿਗੁਰ ਰਵਿਦਾਸ ਮਹਾਰਾਜ ਜੀ ਦੀ ਪਾਵਨ ਪਵਿੱਤਰ ਬਾਣੀ ਜਨ ਜਨ ਤੱਕ ਪਹੁੰਚਾਉਣ ਦੇ ਉਪਰਾਲੇ ਸੰਤ ਮਹਾਂਪੁਰਸ਼ਾਂ ਵੱਲੋਂ ਕੀਤੇ ਜਾ ਰਹੇ ਨੇ ਇਹੋ ਜਿਹਾ ਹੀ ਉਪਰਾਲਾ ਸੰਤ ਸੁਰਿੰਦਰ ਦਾਸ ਬਾਵਾ ਜੀ ਉਹਨਾ ਦੇ ਨਾਲ ਸੰਤ ਹਰਵਿੰਦਰ ਦਾਸ ਜੀ ਆਦਮਪੁਰ ਵਾਲਿਆ ਮਹਾਰਾਜ ਜੀ ਦੁਆਰਾ ਕੀਤਾ ਗਿਆ ਜਿਲਾ ਫਤਿਆਬਾਦ ਦੇ ਪਿੰਡ ਨੰਗਲ ਵਿਖੇ ਗੁਰੂ



ਰਵਿਦਾਸ ਮਹਾਰਾਜ ਪ੍ਰਬੰਧਕ ਕਮੇਟੀ ਦੁਆਰਾ ਕੀਤਾ ਗਿਆ ਸਲਾਘਯੋਗ ਉਦਮ ਕੀਤਾ ਗਿਆ ਜਿਨ੍ਹਾ ਦੁਆਰਾ ਏਕ ਸਾਮ ਗੁਰੂ ਰਵਿਦਾਸ ਕੇ ਨਾਮ ਦਾ ਪ੍ਰੋਗਰਾਮ ਕਰਵਾਇਆ ਜਾ ਰਿਹਾ ਜਿਸ ਵਿਚ ਵੱਖ ਵੱਖ ਸ਼ਹਿਰਾਂ ਕਸਬਿਆਂ ਤੋਂ ਆਏ ਮਿਸਨਰੀ ਗਾਇਕ ਆਪਣੇ ਆਵਾਜ ਵਿੱਚ ਧੰਨ ਸਤਿਗੁਰ ਰਵਿਦਾਸ ਮਹਾਰਾਜ ਜੀ ਦਾ ਗੁਣਗਾਨ ਕਰਨਗੇ ਜਦ ਇਹ ਖਬਰ ਸੰਤਾਂ ਤੱਕ ਪਹੁੰਚੀ ਤਾਂ ਸੰਤਾਂ ਦੁਆਰਾ ਸੰਗਤਾਂ ਦੇ ਗਿਆਨ ਦੀਪ ਵਿੱਚ ਵਾਧਾ ਕਰਨ ਲਈ ਸੰਗਤਾਂ ਲਈ ਸੁੱਖ ਸਾਗਰ ਆਰਤੀ ਅਤੇ ਹੋਰ ਬਹੁਤ ਸਾਰੀ ਸਮੱਗਰੀ ਸੰਗਤਾਂ ਤੱਕ ਪਹੁੰਚਾਉਣ ਦੀ ਜਿੰਮੇਵਾਰੀ ਸੰਤ ਬਾਬਾ ਹਰੀ ਦਾਸ ਜੀ ਦੇ ਪੜਪੋਤਰੇ ਲੇਖਕ ਪਾਲ ਜਲੰਧਰੀ ਜੀ ਦੀ ਡਿਊਟੀ ਲਗਾਈ ਗਈ ਗਈ ਸੋ ਅੱਜ ਪਾਲ ਜਲੰਧਰੀ ਦੁਆਰਾ ਸੁੱਖ ਸਾਗਰ ਅਤੇ ਸਾਰੀ ਸਮੱਗਰੀ ਪਿੰਡ ਨੰਗਲ ਦੀ ਪ੍ਰਬੰਧਕ ਕਮੇਟੀ ਨੂੰ ਸੌਂਪ ਦਿੱਤਾ ਇਸ ਮੌਕੇ ਸੰਗਤਾ ਅਤੇ ਪ੍ਰਬੰਧਕ ਕਮੇਟੀ ਵੱਲੋ ਸੰਤ ਸੁਰਿੰਦਰ ਦਾਸ ਬਾਵਾ ਸੰਤ ਹਰਵਿੰਦਰ ਦਾਸ ਜੀ ਪਾਲ ਜਲੰਧਰੀ ਜੀ ਦਾ ਦਿਲੋਂ ਧੰਨਵਾਦ ਕੀਤਾ ਪਾਲ ਜਲੰਧਰੀ ਨੂੰ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਗਿਆ

## ਪ੍ਰਧਾਨ ਮੰਤਰੀ ਹੜ੍ਹਾਂ ਕਾਰਨ ਪੰਜਾਬ ਦੇ ਹੋਏ ਨੁਕਸਾਨ ਦੀ ਭਰਪਾਈ ਲਈ ਵਿਸ਼ੇਸ਼ ਪੈਕੇਜ ਦੇਣ : ਸੀ.ਪੀ.ਆਈ.

### 21 ਸਤੰਬਰ ਦੀ ਮੋਹਾਲੀ ਮਹਾਂ ਰੈਲੀ ਵਿੱਚ ਇਸ ਮੰਗ ਨੂੰ ਜੋਰਦਾਰ ਢੰਗ ਨਾਲ ਉਠਾਇਆ ਜਾਵੇਗਾ : ਕੌਸ਼ਲ

ਵਰਲਡ ਪੰਜਾਬੀ ਟਾਈਮਜ਼ ਟਿੰਕੂ ਕੁਮਾਰ

ਕੋਟਕਪੂਰਾ, 9 ਸਤੰਬਰ : ਪਿਛਲੇ ਦਿਨੀਂ ਭਾਰੀ ਬਾਰਸ਼ਾਂ ਅਤੇ ਡੈਮਾਂ ਵਿੱਚੋਂ ਜਿਆਦਾ ਪਾਣੀ ਛੱਡਣ ਕਾਰਨ ਆਏ ਹੜ੍ਹਾਂ ਨੇ ਪੰਜਾਬ ਦੇ ਦੋ ਹਜਾਰ ਪਿੰਡਾਂ ਦੀ ਕਰੀਬ ਪੌਣੇ ਦੋ ਲੱਖ ਹੈਕਟੇਅਰ ਜਮੀਨ ਵਿੱਚ ਖੜੀ ਫਸਲ ਬਰਬਾਦ ਕਰ ਦਿੱਤੀ ਹੈ, ਸੈਂਕੜੇ ਮਕਾਨ, ਦੁਕਾਨਾਂ ਅਤੇ ਸਕੂਲਾਂ ਦੀਆਂ ਇਮਾਰਤਾਂ ਨੂੰ ਭਾਰੀ ਨੁਕਸਾਨ ਹੋਣ ਤੋਂ ਇਲਾਵਾ 48 ਜਿੰਦਗੀਆਂ ਵੀ ਹੜਾਂ ਦੀ ਭੇਂਟ ਚੜ੍ਹ ਗਈਆਂ ਹਨ। ਮੁੱਢਲੇ ਅਨੁਮਾਨ ਮੁਤਾਬਿਕ ਪੰਜਾਬ ਦਾ 13,000 ਕਰੋੜ ਰੁਪਏ ਦਾ ਨੁਕਸਾਨ ਹੋਇਆ ਹੈ, ਜਿਸ ਦੀ ਭਰਪਾਈ ਕਰਨ ਲਈ ਪ੍ਰਧਾਨ



ਮੰਤਰੀ ਨਰਿੰਦਰ ਮੋਦੀ ਆਪਣੇ 9 ਸਤੰਬਰ ਦੇ ਪ੍ਰਸਤਾਵਿਤ ਦੌਰੇ ਸਮੇਂ ਵਿਸ਼ੇਸ਼ ਪੈਕੇਜ਼ ਦੇ ਰੂਪ ਵਿੱਚ ਐਲਾਨ ਕਰਨਾ ਚਾਹੀਦਾ ਹੈ। ਇਹ ਬਿਆਨ ਭਾਰਤੀ ਕਮਿਊਨਿਸਟ ਪਾਰਟੀ ਜਿਲਾ ਫਰੀਦਕੋਟ ਦੇ ਸੈਕਟਰੀ ਅਸ਼ੋਕ ਕੌਸ਼ਲ ਨੇ ਜਿਲੇ ਦੇ ਵੱਖ-ਵੱਖ ਪਿੰਡਾਂ-ਭਾਣਾ, ਢੁੱਡੀ, ਕੋਟਸੁਖੀਆ ਅਤੇ ਔਲਖ ਵਿਖੇ ਆਮ ਲੋਕਾਂ ਅਤੇ ਪਾਰਟੀ ਵਰਕਰਾਂ ਨੂੰ ਸੰਬੋਧਨ ਕਰਨ ਬਾਅਦ ਜਾਰੀ ਕੀਤਾ। ਮੀਟਿੰਗਾਂ ਨੂੰ ਪਾਰਟੀ ਦੇ ਜਿਲਾ ਸਕੱਤਰ ਤੋਂ ਇਲਾਵਾ ਮਾ. ਗੁਰਚਰਨ ਸਿੰਘ ਮਾਨ ਅਤੇ ਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ ਏਟਕ ਦੇ ਜਿਲਾ ਪ੍ਰਧਾਨ ਵੀਰ ਸਿੰਘ ਕੰਮੇਆਣਾ ਨੇ ਸੰਬੋਧਨ ਕਰਦਿਆਂ ਕਿਹਾ ਕਿ ਪਾਰਟੀ ਵੱਲੋਂ 21 ਸਤੰਬਰ ਨੂੰ ਮੋਹਾਲੀ ਵਿੱਚ ਕੀਤੀ ਜਾ ਰਹੀ ਮਹਾਂ-ਰੈਲੀ ਵਿੱਚ ਹੋਰ ਮੁੱਦਿਆਂ ਤੋਂ ਇਲਾਵਾ ਹੜ੍ਹ ਪੀੜਤਾਂ ਦੀ ਸਾਰ ਲੈਣ ਦੀ ਮੰਗ ਨੂੰ ਵੀ ਜੋਰਦਾਰ ਢੰਗ ਨਾਲ ਉਠਾਇਆ ਜਾਵੇਗਾ। ਕਮਿਊਨਿਸਟ ਆਗੂਆਂ ਨੇ ਕਿਹਾ ਕਿ ਪਾਰਟੀ ਦੇ 25ਵੇਂ ਕੌਮੀ ਮਹਾਂ-ਸੰਮੇਲਨ ਦੇ ਪਹਿਲੇ ਦਿਨ 21 ਸਤੰਬਰ ਦਿਨ ਐਤਵਾਰ ਨੂੰ ਕੀਤੀ ਜਾਣ ਵਾਲੀ ਰੈਲੀ ਵਿੱਚ ਗੈਰ-ਹੁਨਰਮੰਦ ਮਜ਼ਦੂਰਾਂ ਦੀ ਘੱਟ ਤੋਂ ਘੱਟ ਮਾਸਿਕ ਉਜਰਤ 26,000 ਰੁਪਏ ਕਰਨ, ਨਰੇਗਾ ਦਿਹਾੜੀ ਇਕ ਹਜਾਰ ਰੁਪਏ ਕਰਨ, 60 ਸਾਲ ਦੀ ਉਮਰ ਹੋਣ ਤੇ ਸਭ ਲਈ ਦਸ ਹਜ਼ਾਰ ਰੁਪਏ ਪੈਨਸ਼ਨ, ਸਭ ਦੇਸ਼ ਵਾਸੀਆਂ ਲਈ ਮੁਫ਼ਤ ਅਤੇ ਵਧੀਆ ਇਲਾਜ, ਵਿਦਿਆਰਥੀਆਂ ਲਈ ਯੂਨੀਵਰਸਿਟੀ ਪੱਧਰ ਤੱਕ ਮੁਫ਼ਤ ਸਿੱਖਿਆ ਅਤੇ ਸਭ ਲਈ ਰੁਜ਼ਗਾਰ ਦੀ ਗਰੰਟੀ ਆਦਿ ਮੰਗਾਂ ਦੀ ਪ੍ਰਾਪਤੀ ਲਈ ਆਉਣ ਵਾਲੇ ਸਮੇਂ ਵਿੱਚ ਸੰਘਰਸ਼ ਦਾ ਐਲਾਨ ਕੀਤਾ ਜਾਵੇਗਾ। ਆਗੂਆਂ ਨੇ ਵੱਧ ਤੋਂ ਵੱਧ ਮਜਦੂਰਾਂ, ਕਿਸਾਨਾਂ, ਨੌਜਵਾਨਾਂ, ਵਿਦਿਆਰਥੀਆਂ, ਪੈਨਸ਼ਨਰਾਂ ਅਤੇ ਆਮ ਲੋਕਾਂ ਨੂੰ ਵਡੀ ਗਿਣਤੀ ਵਿੱਚ 21 ਸਤੰਬਰ ਦੀ ਮੋਹਾਲੀ ਦੀ ਸਬਜ਼ੀ ਮੰਡੀ (ਫੇਜ 11) ਵਿੱਚ ਹੋਣ ਵਾਲੀ ਰੈਲੀ ਵਿੱਚ ਸ਼ਾਮਿਲ ਹੋਣ ਦੀ ਅਪੀਲ ਕੀਤੀ। ਇਸ ਮੌਕੇ ਕਾਮਰੇਡ ਮੁਖਤਿਆਰ ਸਿੰਘ, ਤਰਸੇਮ ਸਿੰਘ ਭਾਣਾ, ਬੋਹੜ ਸਿੰਘ ਔਲਖ, ਫ਼ਤਿਹ ਸਿੰਘ ਢੁੱਡੀ, ਅਮਰਿੰਦਰ ਸਿੰਘ ਅਤੇ ਚਮਕੌਰ ਸਿੰਘ ਕੋਟਸੁਖੀਆ ਆਦਿ ਵੀ ਹਾਜ਼ਰ ਸਨ।

## ਮਾਨਸਰੋਵਰ ਸਾਹਿਤ ਅਕਾਦਮੀ ਵੱਲੋਂ ਲਾਈਵ ਪੰਜਾਬੀ ਕਵੀ ਦਰਬਾਰ ਕਰਵਾਇਆ ਗਿਆ

ਵਰਲਡ ਪੰਜਾਬੀ ਟਾਈਮਜ਼ ਅਸ਼ੋਕ ਸ਼ਰਮਾ

ਫ਼ਗਵਾੜਾ 09 ਸਤੰਬਰ : ਮਾਨਸਰੋਵਰ ਸਾਹਿਤ ਅਕਾਦਮੀ ਰਾਜਸਥਾਨ (ਪੰਜਾਬ ਯੂਨਿਟ) ਵੱਲੋਂ ਮਿਤੀ 07 ਸਤੰਬਰ ਦਿਨ ਐਤਵਾਰ ਨੂੰ ਠੀਕ ਸ਼ਾਮ 06:00 ਵਜੇ ਦੇ ਫੇਸਬੁੱਕ ਤੇ ਆਨਲਾਇਨ ਪੰਜਾਬੀ ਕਵੀ ਦਰਬਾਰ ਕਰਵਾਇਆ ਗਿਆ ਜਿਸ ਵਿੱਚ ਕਵੀ ਯੋਗੇਸ਼ ਕੌਲ "ਯੋਗੀ", ਪ੍ਰਿੰ. ਓਮਕਾਰ ਸਿੰਘ ਸ਼ੀਂਹਮਾਰ, ਕੌਰ ਬਿੰਦ ਨੀਦਰਲੈਂਡ, ਕੁਲਪ੍ਰੀਤ ਕੌਰ, ਮਨਪ੍ਰੀਤ ਕੌਰ ਨੇ ਹਾਜ਼ਰੀ ਲਗਵਾਈ। ਪ੍ਰੋਗਰਾਮ ਦਾ ਅਗਾਜ਼ ਮਹਿੰਦਰ ਸੂਦ ਵਿਰਕ ਜੀ ਕੀਤਾ ਜਿਸ ਵਿੱਚ ਹਾਜ਼ਰ ਕਵੀਆਂ ਨੇ ਪੰਜਾਬ ਦੇ ਹਾਲਾਤਾਂ ਦੇ ਮੱਦੇ ਨਜ਼ਰ ਹੜ੍ਹਾਂ ਦੇ ਨਾਲ ਸੰਬੰਧਿਤ ਰਚਨਾਵਾਂ ਪੇਸ਼ ਕੀਤੀਆਂ ਜਿਨਾਂ ਨੂੰ ਸਰੋਤਿਆ ਦੁਆਰਾ ਖੂਬ ਸੁਲਾਹਿਆ ਗਿਆ ਅਤੇ ਸਰਬੱਤ ਦੇ ਭਲੇ ਲਈ ਸਮੁੱਚੀ ਟੀਮ ਨੇ ਅਰਦਾਸ ਕੀਤੀ। ਪ੍ਰੋਗਰਾਮ ਪ੍ਰਬੰਧਕ ਇਕਬਾਲ ਸਿੰਘ ਸਹੋਤਾ ਜੀ ਤੇ ਸੰਸਥਾਪਕ ਮਾਨ ਸਿੰਘ ਸੁਥਾਰ ਜੀ ਅਤੇ ਚੇਅਰਮੈਨ ਮੈਡਮ ਸੀਆ ਭਾਰਤੀ ਜੀ ਨੇ ਹਾਜ਼ਰ ਸਾਰੇ ਕਵੀ ਸਾਹਿਬਾਨ ਨੂੰ ਪ੍ਰਸ਼ੰਸਾ ਪੱਤਰ ਦੇ ਕੇ ਸਨਮਾਨਿਤ ਕਰਨ ਦਾ ਐਲਾਨ ਵੀ ਕੀਤਾ। ਅਖੀਰ ਵਿੱਚ ਮੰਚ ਸੰਚਾਲਕ ਸ੍ਰੀ ਮਹਿੰਦਰ ਸੂਦ ਵਿਰਕ ਨੇ ਆਨਲਾਈਨ ਕਵੀ ਦਰਬਾਰ ਵਿੱਚ ਹਾਜ਼ਰ ਕਵੀ ਸਾਹਿਬਾਨ ਦਾ ਧੰਨਵਾਦ ਕਰਦੇ ਹੋਏ ਲੁਕਾਈ ਦੇ ਭਲੇ ਲਈ ਦੁਆ ਮੰਗੀ।

## ਕਰਾਟੇ, ਤਾਈਕਵਾਂਡੋ ਅਤੇ ਕਿੱਕ ਬਾਕਸਿੰਗ 'ਚ ਡਰੀਮਲੈਂਡ ਸਕੂਲ ਦੀਆਂ ਲੜਕੀਆਂ ਜ਼ੋਨ ਪੱਧਰ 'ਤੇ ਜੇਤੂ

ਵਰਲਡ ਪੰਜਾਬੀ ਟਾਈਮਜ਼ ਟਿੰਕੂ ਕੁਮਾਰ

ਕੋਟਕਪੂਰਾ, 9 ਸਤੰਬਰ : ਸਥਾਨਕ ਸਿੱਖਾਂਵਾਲਾ ਰੋਡ 'ਤੇ ਸਥਿੱਤ ਇਲਾਕੇ ਦੀ ਨਾਮਵਰ ਸਿੱਖਿਆ ਸੰਸਥਾ ਡਰੀਮਲੈਂਡ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਦੇ ਬਹੁਤ ਹੀ ਮਿਹਨਤੀ ਕੋਚ ਹਰਵਿੰਦਰ ਸਿੰਘ ਅਤੇ ਰਾਜਪ੍ਰੀਤ ਸਿੰਘ ਦੀ ਅਗਵਾਈ



ਹੇਠ ਸਕੂਲ ਦੀਆਂ ਲੜਕੀਆਂ ਨੇ ਕਰਾਟੇ, ਤਾਈਕਵਾਂਡੋ ਅਤੇ ਕਿੱਕ ਬਾਕਸਿੰਗ ਦੇ ਮੁਕਾਬਲਿਆਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਪੁਜੀਸ਼ਨਾਂ ਹਾਸਿਲ ਕੀਤੀਆਂ। ਕਰਾਟੇ ਦੇ ਮੁਕਾਬਲਿਆਂ ਵਿੱਚ ਅੰਡਰ-14 ਵਰਗ ਵਿੱਚ ਖੁਸ਼ਪ੍ਰੀਤ ਕੌਰ ਨੇ ਪਹਿਲਾ ਸਥਾਨ ਅਤੇ ਪ੍ਰਭਜੀਤ ਕੌਰ ਨੇ ਦੂਜਾ, ਅੰਡਰ-17 ਵਰਗ ਵਿੱਚ ਦਿਵਿਆਂਸ਼ੀ, ਅਮਨਪ੍ਰੀਤ ਕੌਰ ਅਤੇ ਅਮਨਦੀਪ ਕੌਰ ਨੇ ਪਹਿਲਾ, ਤਾਈਕਵਾਂਡੋ ਦੇ ਮੁਕਾਬਲਿਆਂ ਵਿੱਚ ਅੰਡਰ-14 ਵਰਗ ਵਿੱਚ ਰਚਨਾ ਕੁਮਾਰੀ ਅਤੇ ਈਸ਼ਾ ਨੇ ਪਹਿਲਾ, ਦੀਕਸ਼ਾ, ਰਮਨਦੀਪ ਕੌਰ ਅਤੇ ਗੁਰਲੀਨ ਕੌਰ ਨੇ ਦੂਜਾ, ਅੰਡਰ-17 ਵਰਗ ਵਿੱਚ ਯੋਗਿਤਾ, ਸੁਖਮਨਪ੍ਰੀਤ ਕੌਰ, ਬਲਜੀਤ ਕੌਰ, ਅਕਸ਼ੀਸ਼, ਹਰਨੂਰ ਕੌਰ, ਅਰਸ਼ਦੀਪ ਕੌਰ ਅਤੇ ਰਿਧੀ ਨੇ ਪਹਿਲਾ ਅਤੇ ਨਵਨੀਤ ਕੌਰ ਨੇ ਦੂਜਾ, ਕਿੱਕ ਬਾਕਸਿੰਗ ਦੇ ਮੁਕਾਬਲਿਆਂ ਵਿੱਚ ਅੰਡਰ-14 ਵਰਗ ਵਿੱਚ ਵੈਸ਼ਨਵੀ, ਰਮਨਦੀਪ ਕੌਰ ਅਤੇ ਗੁਰਸੀਰਤ ਕੌਰ ਨੇ ਪਹਿਲਾ, ਅੰਡਰ-17 ਵਰਗ ਵਿੱਚ ਜਸਵੀਰ ਕੌਰ, ਬਲਜੀਤ ਕੌਰ, ਤਾਨਿਆ ਅਤੇ ਨਵਨੀਤ ਕੌਰ ਨੇ ਪਹਿਲਾ ਸਥਾਨ ਹਾਸਿਲ ਕਰਕੇ ਸਕੂਲ ਦਾ ਨਾਂਅ ਰੌਸ਼ਨ ਕੀਤਾ। ਸਕੂਲ ਦੇ ਚੇਅਰਮੈਨ ਪ੍ਰਕਾਸ਼ ਚੰਦ ਸ਼ਰਮਾ ਨੇ ਇਸ ਸ਼ਾਨਦਾਰ ਪ੍ਰਾਪਤੀ ਲਈ ਖਿਡਾਰਣਾਂ, ਕੋਚ ਸਹਿਬਾਨ ਅਤੇ ਉਨ੍ਹਾਂ ਦੇ ਮਾਪਿਆਂ ਨੂੰ ਵਧਾਈ ਦਿੱਤੀ। ਪ੍ਰਿੰਸੀਪਲ ਰਾਕੇਸ਼ ਸ਼ਰਮਾ ਨੇ ਖਿਡਾਰਣਾਂ ਨੂੰ ਆਪਣਾ ਮੁਕਾਮ ਹਾਸਿਲ ਕਰਨ ਲਈ ਅੱਗੇ ਹੋਰ ਮਿਹਨਤ ਕਰਨ ਲਈ ਪ੍ਰੇਰਿਤ ਕੀਤਾ। ਇਸ ਮੌਕੇ ਹੋਰਨਾ ਤੋਂ ਇਲਾਵਾ ਸਕੂਲ ਦੇ ਕੋਚ ਹਰਵਿੰਦਰ ਸਿੰਘ, ਰਾਜਪ੍ਰੀਤ ਸਿੰਘ ਅਤੇ ਪ੍ਰਾਈਵੇਟ ਅਤੇ ਸਰਕਾਰੀ ਮਿਡਲ, ਹਾਈ ਅਤੇ ਸੀਨੀਅਰ ਸੈਕੰਡਰੀ ਸਕੂਲਾਂ ਦੇ ਕੋਚ ਸਹਿਬਾਨ ਵੀ ਹਾਜ਼ਰ ਸਨ।

## ਮਨੁੱਖੀ ਮਨ ਉੱਤੇ ਸੁਖ-ਦੁੱਖ ਦਾ ਪ੍ਰਭਾਵ



ਵਰਲਡ ਪੰਜਾਬੀ ਟਾਈਮਜ਼ ਠਾਕੁਰ ਦਲੀਪ ਸਿੰਘ

ਜਿੱਤ ਵਰਗੀ ਕੋਈ ਖੁਸ਼ੀ ਨਹੀਂ; ਹਾਰ ਵਰਗਾ ਕੋਈ ਸੋਗ ਨਹੀਂ। ਜਿੱਤ ਵਰਗੀ ਕੋਈ ਸੰਤੁਸ਼ਟੀ ਨਹੀਂ; ਹਾਰ ਵਰਗੀ ਕੋਈ ਅਸੰਤੁਸ਼ਟੀ ਨਹੀਂ। ਜੋ ਸੱਜਣ ਵੱਡੇ ਵਿਚਾਰਵਾਨ ਬਣ ਜਾਂਦੇ ਹਨ; ਉਹ ਸੁਖ-ਦੁੱਖ ਤੋਂ ਘੱਟ ਪ੍ਰਭਾਵਿਤ ਹੁੰਦੇ ਹਨ; ਜਦੋਂ ਕਿ ਇੱਕ ਸਧਾਰਨ ਮਨੁੱਖ ਨੂੰ: ਸੁਖ-ਦੁੱਖ ਬਹੁਤਾ ਪ੍ਰਭਾਵਿਤ ਕਰਦੇ ਹਨ।

ਕੁਝ ਮਹਾਂਪੁਰਖ ਉਪਦੇਸ਼ ਦਿੰਦੇ ਹਨ ਕਿ ਸਾਨੂੰ ਜਿੱਤ-ਹਾਰ ਤੋਂ ਬਿਲਕੁਲ ਹੀ ਸੁਖੀ ਜਾਂ ਦੁਖੀ ਨਹੀਂ ਹੋਣਾ ਚਾਹੀਦਾ। ਗੁਰਬਾਣੀ ਵਿੱਚ ਵੀ ਲਿਖਿਆ ਹੈ "ਦੁਖ ਸੁਖ ਦੋਊ ਸਮ ਕਰਿ ਜਾਨੈ ਬੁਰਾ ਭਲਾ ਸੰਸਾਰ" (ਮ. ੧)। ਭਾਰਤੀ ਸੰਸਕ੍ਰਿਤੀ ਦੇ ਸਾਰੇ ਧਾਰਮਿਕ ਗ੍ਰੰਥਾਂ ਵਿੱਚ ਵੀ 'ਸੁਖ-ਦੁਖ ਵਿੱਚ ਸਮਾਨ ਰਹਿਣ' ਦੀ ਅਵਸਥਾ ਨੂੰ ਸਰਵੋਤਮ ਮੰਨਿਆ ਗਿਆ ਹੈ। ਪਰੰਤੂ, ਜੀਵਨ ਦੀ ਸੱਚਾਈ ਇਹ ਹੈ ਕਿ ਜੇ ਅਸੀਂ ਜਿੱਤਣ ਜਾਂ ਹਾਰਨ ਤੋਂ ਸੁਖੀ ਜਾਂ ਦੁਖੀ ਨਹੀਂ ਹੁੰਦੇ, ਤਾਂ ਅਸੀਂ ਕੋਈ ਵਿਸ਼ੇਸ਼ ਉਪਲਬਧੀ ਪ੍ਰਾਪਤ ਕਰਨ ਲਈ ਕੋਈ ਸਖਤ ਮਿਹਨਤ ਵੀ ਨਹੀਂ ਕਰਾਂਗੇ ਅਤੇ ਬਹੁਤ ਜ਼ਿਆਦਾ ਤਰੱਕੀ ਵੀ ਨਹੀਂ ਕਰ ਸਕਾਂਗੇ। ਅਤਿਅੰਤ ਉੱਚਤਮ ਪ੍ਰਾਪਤੀਆਂ ਕਰਨ ਅਤੇ ਉੱਚਤਮ ਲਕਸ਼ ਤੱਕ ਪਹੁੰਚਣ ਲਈ; ਅਤਿਅੰਤ ਪ੍ਰਚੰਡ, ਪ੍ਰਬਲ, ਤੀਵਰ ਭਾਵਨਾਵਾਂ ਦੀ ਲੋੜ ਹੁੰਦੀ ਹੈ। ਅਤੇ, ਪ੍ਰਚੰਡ, ਤੀਵਰ ਭਾਵਨਾਵਾਂ ਵਾਲਾ ਵਿਅਕਤੀ: ਪ੍ਰਚੰਡ ਸੁਖ-ਦੁੱਖ ਵੀ ਅਨੁਭਵ ਕਰਦਾ ਹੈ।

ਇੱਕ ਸਧਾਰਨ ਜਿਹੀ ਗੱਲ ਹੈ। ਜਿਨ੍ਹਾਂ ਨੂੰ ਸੁਖ-ਦੁੱਖ ਘੱਟ ਅਨੁਭਵ ਹੁੰਦੇ ਹਨ, ਉਨ੍ਹਾਂ ਵਿੱਚ ਜਿੱਤ ਪ੍ਰਾਪਤ ਕਰਨ ਅਤੇ ਉੱਚਤਮ ਲਕਸ਼ ਤੱਕ ਪਹੁੰਚਣ ਦੀਆਂ ਪ੍ਰਚੰਡ, ਤੀਵਰ ਭਾਵਨਾਵਾਂ ਵੀ ਘੱਟ ਹੁੰਦੀਆਂ ਹਨ। ਕਿਉਂਕਿ, ਜਦੋਂ ਕੋਈ ਬਹੁਤ ਪ੍ਰਚੰਡ, ਤੀਵਰ ਭਾਵਨਾ ਹੋਵੇਗੀ; ਤਾਂ ਉਹ ਭਾਵਨਾ ਪੂਰੀ ਨਾ ਹੋਣ ਕਾਰਨ, ਕੋਈ ਵਿਅਕਤੀ ਤੀਵਰ ਦੁੱਖ ਮਹਿਸੂਸ ਕਰੇਗਾ ਜਾਂ ਉਸ ਦੀ ਪ੍ਰਾਪਤੀ ਕਾਰਨ ਤੀਵਰ ਸੁਖ/ਖੁਸ਼ੀ ਮਹਿਸੂਸ ਕਰੇਗਾ। ਓਲੰਪਿਕ ਵਰਗੀਆਂ ਵੱਡੀਆਂ ਖੇਡਾਂ ਵਿੱਚ ਜਿੱਤ ਪ੍ਰਾਪਤ ਕਰਨ ਲਈ, ਖਿਡਾਰੀ ਵਿੱਚ ਜਿੱਤ ਦੀ ਤੀਵਰ, ਪ੍ਰਚੰਡ ਭਾਵਨਾ ਦੀ ਲੋੜ ਹੁੰਦੀ ਹੈ। ਜਿੱਤਣ ਤੋਂ ਬਾਅਦ, ਖਿਡਾਰੀਆਂ ਨੂੰ ਬਹੁਤ ਖੁਸ਼ੀ ਅਤੇ ਸੰਤੁਸ਼ਟੀ ਹੁੰਦੀ ਹੈ ਅਤੇ ਪੂਰੀ ਦੁਨੀਆ ਵਿੱਚ ਉਨ੍ਹਾਂ ਦਾ ਨਾਮ ਵੀ ਹੁੰਦਾ ਹੈ; ਜਿਸ ਨਾਲ ਉਨ੍ਹਾਂ ਨੂੰ ਪੈਸਾ, ਪਦਵੀ ਅਤੇ ਸ਼ੋਭਾ ਮਿਲ ਕੇ, ਹਰ ਤਰ੍ਹਾਂ ਦੇ ਸੁਖ ਮਿਲਦੇ ਹਨ। ਜਦੋਂ ਕਿ, ਖੇਡ ਵਿੱਚ ਹਾਰ ਤੋਂ ਬਾਅਦ, ਉਨ੍ਹਾਂ ਨੂੰ ਬਹੁਤ ਦੁੱਖ ਹੁੰਦਾ ਹੈ।

ਭਾਰਤ ਦੇ ਪ੍ਰਾਚੀਨ ਗ੍ਰੰਥਾਂ ਤੋਂ ਅਤੇ ਮਹਾਪੁਰਖਾਂ ਤੋਂ ਸਿੱਖ ਕੇ, ਉਨ੍ਹਾਂ ਦਾ ਅਨੁਸਰਣ ਕਰਦਿਆਂ, ਕੁਝ ਵਿਦੇਸ਼ਾਂ ਵਿੱਚ; ਉੱਥੋਂ ਦੇ ਰਾਸ਼ਟਰੀ ਖਿਡਾਰੀਆਂ ਨੂੰ ਯੋਗ ਅਤੇ ਪ੍ਰਾਣਾਯਾਮ ਦੀ ਸਿੱਖਿਆ ਦਿੱਤੀ ਗਈ। ਨਾਲ ਹੀ ਉਹਨਾਂ ਨੂੰ ਸੁੱਖ-ਦੁੱਖ ਵਿੱਚ ਸਮਾਨ ਰਹਿਣ ਦੀ ਸਿੱਖਿਆ ਵੀ ਦਿੱਤੀ ਗਈ; ਜੋ ਸਿੱਖਿਆ ਯੋਗ ਅਤੇ ਪ੍ਰਾਣਾਯਾਮ ਦਾ ਇੱਕ ਅੰਗ ਹੈ। ਫਲ ਸਵਰੂਪ, ਉਨ੍ਹਾਂ ਉੱਚ-ਪੱਧਰ ਦੇ ਰਾਸ਼ਟਰੀ ਖਿਡਾਰੀਆਂ ਵਿੱਚ ਜਿੱਤ/ਹਾਰ ਤੋਂ ਹੋਣ ਵਾਲੇ ਸੁਖ-ਦੁੱਖ ਦਾ ਪ੍ਰਭਾਵ ਤਾਂ ਘਟ ਗਿਆ। ਪਰੰਤੂ, ਸੁਖ-ਦੁੱਖ ਵਿਚ ਸਮਾਨ ਰਹਿਣ ਵਾਲੀ ਉੱਤਮ ਬਿਰਤੀ ਰੱਖਣ ਕਾਰਣ: ਉਨ੍ਹਾਂ ਰਾਸ਼ਟਰੀ ਖਿਡਾਰੀਆਂ ਵਿਚ ਜਿੱਤ ਪ੍ਰਾਪਤ ਕਰਨ ਦੀ ਤੀਵਰ ਭਾਵਨਾ ਵੀ ਘੱਟ ਗਈ। ਜਿਸ ਕਾਰਣ: ਪ੍ਰਤੀਯੋਗਤਾ ਵਿੱਚ ਉਨ੍ਹਾਂ ਦੇ ਖੇਡ-ਪ੍ਰਦਰਸ਼ਨ ਦਾ ਪੱਧਰ ਵੀ ਹੇਠਾਂ ਆ ਗਿਆ। ਭਾਵ: ਜਿੱਥੇ ਉਹ ਰਾਸ਼ਟਰੀ ਖਿਡਾਰੀ ਪਹਿਲੋਂ ਬਹੁਤ ਸਾਰੇ ਤਗਮੇ ਜਿੱਤਦੇ ਸਨ; ਜਿੱਤਣ ਦੀ ਤੀਵਰ ਭਾਵਨਾ ਘਟਣ ਕਾਰਨ, ਉਹ ਤਗਮੇ ਨਾ ਜਿੱਤ ਸਕੇ।

ਇਸ ਤਰ੍ਹਾਂ, ਉੱਚਤਮ ਪ੍ਰਾਪਤੀਆਂ ਲਈ ਅਤੇ ਉੱਚੇ ਲਕਸ਼ ਤੱਕ ਪਹੁੰਚਣ ਲਈ, ਸੁਖ-ਦੁੱਖ ਤੋਂ ਪ੍ਰਭਾਵਿਤ ਹੋਣਾ ਸੁਭਾਵਿਕ ਹੈ। ਸੁਖ-ਦੁੱਖ ਤੋਂ ਪ੍ਰਭਾਵਿਤ ਹੋਣ ਵਾਲਾ ਮਨੁੱਖ ਹੀ, ਆਪਣੀ ਤੀਵਰ ਭਾਵਨਾ ਦੇ ਕਾਰਨ, ਉੱਚਤਮ ਪ੍ਰਾਪਤੀਆਂ ਕਰ ਸਕਦਾ ਹੈ ਅਤੇ ਉੱਚਤਮ ਟੀਚੇ ਤੱਕ ਪਹੁੰਚ ਸਕਦਾ ਹੈ। ਸੁਖ-ਦੁਖ ਤੋਂ ਘੱਟ ਪ੍ਰਭਾਵਿਤ ਹੋਣ ਵਾਲੇ ਜਾਂ ਬਿਲਕੁਲ ਵੀ ਪ੍ਰਭਾਵਿਤ ਨਾ ਹੋਣ ਵਾਲੇ ਵਿਅਕਤੀ ਵਾਸਤੇ; ਉੱਚਤਮ ਟੀਚੇ ਪ੍ਰਾਪਤ ਕਰਨੇ ਅਸੰਭਵ ਜੈਸਾ ਹੈ।